ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।
ਨੇੜੇ ਗੁਰੂਦੁਆਰਾ ਸਾਚਾ ਧੰਨ ਸਾਹਿਬ,
(ਮਾਈਕਰੋਸਾਫ਼ਟ ਬਿਲਡਿੰਗ)
ਫੇਜ਼ 3 ਬੀ-1, ਐਸ.ਏ.ਐਸ.ਨਗਰ (ਮੋਹਾਲੀ) ਪਿੰਨ 160055
Website:-www.educationrecrutimentboard.com

ਨੰਬਰ 08/23-2022ਭ.ਡ(7)/2022199469 ਮਿਤੀ: 27-07-2022

# ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਕ੍ਰਮਵਾਰ ਮਿਤੀ 31.03.2021 ਨੂੰ 135 ਹੈਂਡੀਕੈਪਡ ਬੈਕਲਾਗ ਦੀਆਂ ਅਸਾਮੀਆਂ ਵਿੱਚੋਂ ਹਿੰਦੀ ਦੀਆਂ 04 ਅਸਾਮੀਆਂ, 23.07.2021 ਨੂੰ ਜੇਲ ਵਿਭਾਗ ਦੀਆਂ 04 ਵੱਖ-ਵੱਖ ਵਿਸ਼ਿਆਂ ਦੀਆਂ ਅਸਾਮੀਆਂ, 17.08.2021 ਨੂੰ 598 ਵੱਖ-ਵੱਖ ਵਿਸ਼ਿਆਂ ਦੀਆਂ ਮਾਸਟਰ ਕਾਡਰ ਵਿੱਚ ਬੈਕਲਾਗ ਅਸਾਮੀਆਂ ਅਤੇ 16.12.2021 ਨੂੰ 4161 ਨਵੀਆਂ ਅਤੇ ਬੈਕਲਾਗ ਦੀਆਂ ਅਸਾਮੀਆਂ ਭਰਨ ਲਈ ਵਿਸ਼ਾ-ਵਾਰ ਵਿਗਿਆਪਨ ਦਿੱਤੇ ਗਏ ਸਨ। ਜਿਵੇਂ ਕਿ ਆਪ ਜੀ ਨੂੰ ਪਹਿਲਾਂ ਹੀ ਜਾਣਕਾਰੀ ਹੈ ਕਿ ਵਿਗਿਆਪਨ ਦੀਆਂ ਸ਼ਰਤਾਂ ਅਨੁਸਾਰ ਭਰਤੀ ਲਈ 150 ਅੰਕਾਂ ਦਾ ਲਿਖਤੀ ਟੈਸਟ, ਜਿਸ ਦਾ ਸਮਾਂ 2:30 ਘੰਟੇ ਦਾ ਹੋਵੇਗਾ ਅਤੇ ਜਿਸ ਵਿੱਚ 150 ਪ੍ਰਸ਼ਨ ਪੁੱਛੇ ਜਾਣਗੇ, ਲਿਆ ਜਾਵੇਗਾ। ਸਮਾਜਿਕ ਸਿੱਖਿਆ ਵਿਸ਼ੇ ਵਿੱਚ 4 ਆਪਸ਼ਨਲ ਵਿਸ਼ਿਆਂ ਵਿੱਚੋਂ ਉਮੀਦਵਾਰ ਨੇ ਕੋਈ 2 ਆਪਸ਼ਨਲ ਵਿਸ਼ੇ ਅਤੇ ਸਾਇੰਸ ਵਿਸ਼ੇ ਨਾਲ ਸਬੰਧਤ 5 ਆਪਸ਼ਨਲ ਵਿਸ਼ਿਆਂ ਵਿੱਚੋਂ ਉਮੀਦਵਾਰ ਨੇ ਕੋਈ 2 ਆਪਸ਼ਨਲ ਵਿਸ਼ੇ ਲੈਂਦੇ ਹੋਏ ਸਬੰਧਤ ਵਿਸ਼ਿਆਂ ਦਾ ਹੋਣ ਵਾਲਾ ਲਿਖਤੀ ਟੈਸਟ ਦੇਣਾ ਹੈ ਸੋ ਇਨ੍ਹਾਂ ਵਿਸ਼ਿਆਂ ਦੇ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਬੰਧਤ ਵਿਸ਼ੇ ਦਾ ਪੇਪਰ ਦਿੰਦੇ ਸਮੇਂ ਇਹ ਆਪਸ਼ਨਾਂ ਧਿਆਨ ਨਾਲ ਚੋਣ ਕਰਦੇ ਹੋਏ ਪੇਪਰ ਅਟੈਂਪਟ (Attempt) ਕਰਨਗੇ। ਲਿਖਤੀ ਟੈਸਟ ਲਈ ਸਥਾਨ ਰੋਲ ਨੰਬਰ ਸਲਿਪ ਜਾਰੀ ਕਰਨ ਸਮੇਂ ਦਰਸਾਇਆ ਜਾਵੇਗਾ। ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਹੇਠ ਦਰਸਾਏ ਗਏ ਸੈਡੀਊਲ ਅਨੁਸਾਰ ਲਿਖਤੀ ਟੈਸਟ ਲਿਆ ਜਾਵੇਗਾ:-

| ਲੜੀ ਨੰਬਰ | ਮਿਤੀ | ਦਿਨ | ਸੈਸ਼ਨ | ਸਮਾਂ | ਵਿਸ਼ਾ |
|---|---|---|---|---|---|
| 1 | 21.08.2022 | ਐਤਵਾਰ | ਸਵੇਰ | 9:30 AM ਤੋਂ 12:00 Noon | ਸ਼ੋਸ਼ਲ ਸਾਇੰਸ |
| 2 | 21.08.2022 | ਐਤਵਾਰ | ਸ਼ਾਮ | 2:30 PM ਤੋਂ 5:00 PM | ਪੰਜਾਬੀ |
| 3 | 28.08.2022 | ਐਤਵਾਰ | ਸਵੇਰ | 9:30 AM ਤੋਂ 12:00 Noon | ਮੈਥ |
| 4 | 28.08.2022 | ਐਤਵਾਰ | ਸ਼ਾਮ | 2:30 PM ਤੋਂ 5:00 PM | ਹਿੰਦੀ |
| 5 | 04.09.2022 | ਐਤਵਾਰ | ਸਵੇਰ | 9:30 AM ਤੋਂ 12:00 Noon | ਫਿਜ਼ੀਕਲ ਐਜੂਕੇਸ਼ਨ |
| 6 | 04.09.2022 | ਐਤਵਾਰ | ਸ਼ਾਮ | 2:30 PM ਤੋਂ 5:00 PM | ਅੰਗਰੇਜ਼ੀ |
| 7 | 11.09.2022 | ਐਤਵਾਰ | ਸਵੇਰ | 9:30 AM ਤੋਂ 12:00 Noon | ਸਾਇੰਸ |
| 8 | 11.09.2022 | ਐਤਵਾਰ | ਸ਼ਾਮ | 2:30 PM ਤੋਂ 5:00 PM | ਮਿਊਜ਼ਿਕ |

27/7/22

ਸਹਾਇਕ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,
ਪੰਜਾਬ, ਸ.ਅ.ਸ ਨਗਰ।

Scanned with CamScanner